ਪੰਜਾਬੀ ਦੇ | Punjabi

ਫਾਸਟ ਫੂਡ ਮਾਲਕਾਂ/ਵਰਕਰਾਂ ਲਈ ਮਹੱਤਵਪੂਰਨ ਜਾਣਕਾਰੀ:

# NYC'S FAIR WORKWEEK & FAST FOOD DEDUCTIONS LAWS

NYC Consumer Affairs

Department of Consumer Affairs (DCA) Office of Labor Policy & Standards (ਗਾਹਕ ਮਾਮਲਿਆਂ ਸਬੰਧੀ ਵਿਭਾਗ ਦਾ ਲੇਬਰ ਨੀਤੀ ਅਤੇ ਮਿਆਰਾਂ ਬਾਰੇ ਦਫਤਰ) (OLPS), NYC's Fair Workweek and Fast Food Deductions laws (NYC ਦੇ ਨਿਰਪੱਖ ਕੰਮ ਦੇ ਹਫ਼ਤਾ ਕਨੂੰਨ ਅਤੇ "ਕਟੌਤੀਆਂ ਸਬੰਧੀ ਕਨੂੰਨ) ਨੂੰ ਲਾਗੂ ਕਰਦਾ ਹੈ, ਜੋ 26 ਨਵੰਬਰ, 2017 ਨੂੰ ਪ੍ਰਭਾਵੀ ਹੋਈ ਸੀ। DCA ਨੇ ਮਾਲਕਾਂ ਅਤੇ ਕਰਮਚਾਰੀਆਂ ਲਈ ਇਹ ਆਮ ਰੂਪ-ਰੇਖਾ ਤਿਆਰ ਕੀਤੀ ਹੈ। ਹੋਰ ਜਾਣਕਾਰੀ ਲਈ **nyc.gov/dca** 'ਤੇ ਜਾਓ, ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਸਮੇਤ।

**ਨੋਟ:**

- ਮਾਲਕ ਕਰਮਚਾਰੀਆਂ ਨੂੰ ਅਜਿਹੀ ਸਜ਼ਾ ਨਹੀਂ ਦੇ ਸਕਦੇ, ਸਜ਼ਾ ਦੇ ਯੋਗ ਨਹੀਂ ਠਹਿਰਾ ਸਕਦੇ, ਬਦਲਾ ਨਹੀਂ ਲੈ ਸਕਦੇ ਜਾਂ ਉਹਨਾਂ ਦੇ ਵਿਰੁੱਧ ਕੋਈ ਵੀ ਅਜਿਹੀ ਕਾਰਵਾਈ ਨਹੀਂ ਕਰ ਸਕਦੇ, ਜੋ ਉਹਨਾਂ ਨੂੰ ਆਪਣੇ ਕਨੂੰਨੀ ਹੱਕਾਂ ਦਾ ਇਸਤੇਮਾਲ ਕਰਨ ਤੋਂ ਰੋਕੇ ਜਾਂ ਡਰ ਵਿਖਾ ਕੇ ਵਰਜਦੀ ਹੋਵੇ। ਵਰਕਰਾਂ ਨੂੰ ਬਦਲੇ ਬਾਰੇ ਤੁਰੰਤ OLPS ਨੂੰ ਸੰਪਰਕ ਕਰਨਾ ਚਾਹੀਦਾ ਹੈ। ਕਿਤਾਬੜੀ ਦੇ ਪਿੱਛੇ ਪਾਸੇ ਦੇਖੋ।
- ਇਹ ਕਾਨੂੰਨ ਵਰਕਰਾਂ ਨੂੰ ਉਨ੍ਹਾਂ ਦੇ ਇਮੀਗ੍ਰੇਸ਼ਨ ਰੁਤਬੇ ਤੇ ਵਿਚਾਰ ਕੀਤੇ ਬਿਨਾਂ ਕਵਰ ਕਰਦਾ ਹੈ।

## ਕਨੂੰਨਾਂ ਬਾਰੇ

***Fair Workweek Law*** ਦੇ ਅਧੀਨ, NYC ਵਿੱਚ ਫਾਸਟ ਫੂਡ ਮਾਲਕਾਂ ਲਈ ਸੰਭਾਵੀ ਕੰਮ ਦੀ ਸਮਾਂ-ਸੂਚੀ ਅਤੇ ਨਵੇਂ ਵਰਕਰਾਂ ਨੂੰ ਕੰਮ 'ਤੇ ਰੱਖਣ ਤੋਂ ਪਹਿਲਾਂ ਨਵੀਆਂ ਉਪਲਬਧ ਸ਼ਿਫਟਾਂ ਵਿੱਚ ਕੰਮ ਕਰਨ ਦਾ ਮੌਕਾ ਦੇਣਾ ਲਾਜ਼ਮੀ ਹੈ।

***Fast Food Deductions Law*** ਦੇ ਅਧੀਨ, ਫਾਸਟ ਫੂਡ ਮਾਲਕਾਂ ਲਈ ਲਾਜ਼ਮੀ ਹੈ ਕਿ ਉਹ ਕਰਮਚਾਰੀਆਂ ਦੀਆਂ ਗ਼ੈਰ ਲਾਭ ਸੰਸਥਾਵਾਂ, ਜਿਹਨਾਂ ਕੋਲ DCA ਦਾ ਰਜਿਸਟਰੇਸ਼ਨ ਪੱਤਰ ਹੈ, ਲਈ ਉਹਨਾਂ ਦੇ ਪੇਚੈਕਾਂ ਵਿੱਚੋਂ ਸਵੈਇੱਛਕ ਭੁਗਤਾਨਾਂ ਦੀ ਕਟੌਤੀ ਕਰਨ ਦੀਆਂ ਬੇਨਤੀਆਂ ਦਾ ਸਨਮਾਨ ਕਰਨ। ਕਨੂੰਨ ਗ਼ੈਰ ਲਾਭ ਸੰਸਥਾਵਾਂ ਨੂੰ ਵੀ ਕਵਰ ਕਰਦਾ ਹੈ। ਕਨੂੰਨ ਮਜ਼ਦੂਰ ਸੰਗਠਨਾਂ ਨੂੰ ਯੋਗਦਾਨ ਪਾਉਣ ਦੀ ਇਜਾਜ਼ਤ ਨਹੀਂ ਦਿੰਦਾ।

## ਕਵਰ ਕੀਤੇ ਮਾਲਕ

ਮਾਲਕ—ਉਪ ਠੇਕੇਦਾਰਾਂ ਅਤੇ ਅਸਥਾਈ ਸਹਾਇਤਾ ਫ਼ਰਮਾਂ ਸਮੇਤ—ਜਿਹਨਾਂ ਦੇ ਵਰਕਰ NYC ਵਿੱਚ ਫਾਸਟ ਫੂਡ ਸੰਸਥਾਨ ਵਿੱਚ ਨਿਸ਼ਚਿਤ ਕੰਮ ਕਰਦੇ ਹਨ। *ਕਵਰ ਕੀਤੇ ਕਰਮਚਾਰੀ* ਭਾਗ ਦੇਖੋ।

ਫਾਸਟ ਫੂਡ ਸੰਸਥਾਨ:

- ਮੁੱਖ ਤੌਰ 'ਤੇ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਦੀ ਸੇਵਾ ਪੇਸ਼ ਕਰਦਾ ਹੈ।
- ਜਿੱਥੇ ਗਾਹਕ ਚੁਗਿਰਦੇ ਦੇ ਅੰਦਰ ਜਾਂ ਬਾਹਰ ਖਾਣ-ਪੀਣ ਦਾ ਭੁਗਤਾਨ ਕਰਦੇ ਹਨ।
- ਸੀਮਿਤ ਸੇਵਾ ਪੇਸ਼ ਕਰਦਾ ਹੈ।
- ਇੱਕ ਚੇਨ ਦਾ ਹਿੱਸਾ ਹੈ। ਅਤੇ
- ਰਾਸ਼ਟਰੀ ਤੌਰ 'ਤੇ 30 ਜਾਂ ਵੱਧ ਸੰਸਥਾਨਾਂ ਵਿੱਚੋਂ ਇੱਕ ਹੈ, ਇੱਕ ਏਕੀਕ੍ਰਿਤ ਐਂਟਰਪ੍ਰਾਈਜ ਦੇ ਹਿੱਸੇ ਦੇ ਤੌਰ 'ਤੇ ਜਾਂ ਵੱਖਰੇ ਤੌਰ 'ਤੇ ਮਾਲਕੀ ਵਾਲੀਆਂ ਫ੍ਰੈਂਚਾਈਜਿਸ ਦੇ ਤੌਰ 'ਤੇ।

ਕਿਸੇ ਵੀ ਹੋਰ ਪ੍ਰਕਾਰ ਦੇ ਸੰਸਥਾਨਾਂ, ਜਿਵੇਂ ਕਿ ਮਾੱਲ ਦੇ ਅੰਦਰ ਸਥਿਤ ਫਾਸਟ ਫੂਡ ਸੰਸਥਾਨ ਕਨੂੰਨ ਵੱਲੋਂ ਕਵਰ ਕੀਤੇ ਗਏ ਹਨ।

## ਕਵਰ ਕੀਤੇ ਕਰਮਚਾਰੀ

ਉਹ ਕਰਮਚਾਰੀ, ਜੋ NYC ਵਿੱਚ ਕਿਸੇ ਫਾਸਟ ਫੂਡ ਸੰਸਥਾਨ ਵਿਖੇ ਹੇਠਾਂ ਦਿੱਤੇ ਕੰਮਾਂ ਵਿੱਚੋਂ ਘੱਟੋ-ਘੱਟ ਇੱਕ ਕਰਦੇ ਹਨ।

- ਗਾਹਕ ਸੇਵਾ
- ਕੁਕਿੰਗ
- ਭੋਜਨ ਜਾਂ ਪੀਣ ਵਾਲੇ ਪਦਾਰਥ ਤਿਆਰ ਕਰਨਾ
- ਡਿਲੀਵਰੀ
- ਸਿਕਿਓਰਿਟੀ
- ਸਟੌਕਿੰਗ ਸਪਲਾਈਜ਼ ਜਾਂ ਉਪਕਰਨ
- ਸਫ਼ਾਈ
- ਨਿੱਤਨੇਮ ਸਬੰਧੀ ਦੇਖਭਾਲ

## ਹੱਕਾਂ ਦਾ ਨੋਟਿਸ

ਮਾਲਕਾਂ ਲਈ ਲਾਜ਼ਮੀ ਹੈ ਕਿ ਉਹ ਹੇਠਾਂ ਵਰਣਨ ਕੀਤੇ ਨੋਟਿਸਾਂ ਨੂੰ ਉੱਥੇ ਲਗਾਉਣ, ਜਿੱਥੇ ਕਰਮਚਾਰੀ ਉਸਨੂੰ ਹਰੇਕ NYC ਕਾਰਜਸਥਾਨ ਵਿਖੇ ਅਸਾਨੀ ਨਾਲ ਦੇਖ ਸਕਣ।

- YOU HAVE A RIGHT TO A PREDICTABLE WORK SCHEDULE (ਤੁਹਾਨੂੰ ਸੰਭਾਵੀ ਕੰਮ ਦੀ ਸਮਾਂ-ਸੂਚੀ ਪ੍ਰਾਪਤ ਕਰਨ ਦਾ ਹੱਕ ਹੈ)*
- YOU HAVE A RIGHT TO MAKE CONTRIBUTIONS TO NONPROFITS THROUGH YOUR EMPLOYER (ਤੁਹਾਨੂੰ ਆਪਣੇ ਮਾਲਕ ਦੁਆਰਾ ਗ਼ੈਰ ਲਾਭ ਸੰਸਥਾਵਾਂ ਵਿੱਚ ਯੋਗਦਾਨ ਕਰਨ ਦਾ ਹੱਕ ਹੈ)

*ਮਾਲਕਾਂ ਲਈ ਲਾਜ਼ਮੀ ਹੈ ਕਿ ਉਹ ਇਸ ਨੋਟਿਸ ਨੂੰ ਅੰਗਰੇਜ਼ੀ ਵਿੱਚ ਅਤੇ ਕਿਸੇ ਵੀ ਅਜਿਹੀ ਭਾਸ਼ਾ ਵਿੱਚ ਲਗਾਉਣ, ਜੋ ਕਾਰਜਸਥਾਨ ਵਿਖੇ ਕੰਮ ਕਰਨ ਵਾਲੇ ਵਰਕਰਾਂ ਵਿੱਚੋਂ ਘੱਟੋ-ਘੱਟ 5 ਪ੍ਰਤੀਸ਼ਤ ਦੀ ਮੂਲ ਭਾਸ਼ਾ ਹੋਵੇ, ਜੇਕਰ ਇਹ DCA ਦੀ ਵੈਬਸਾਈਟ **nyc.gov/dca**'ਤੇ ਉਪਲਬਧ ਹੈ।

## ਕਰਮਚਾਰੀ ਹੱਕਾਂ ਬਾਰੇ ਆਮ ਜਾਣਕਾਰੀ ਦੀ ਰੂਪ-ਰੇਖਾ

### *Fair Workweek Law*

ਨੇਕਨੀਤੀ ਦਾ ਅਨੁਮਾਨ ਅਤੇ ਕੰਮ ਦੇ ਪਹਿਲੇ ਦਿਨ ਨੂੰ ਜਾਂ ਇਸਤੋਂ ਪਹਿਲਾਂ ਲਿਖਤ ਵਿੱਚ ਪਹਿਲੇ ਕੰਮ ਦੀਆਂ ਸਮਾਂ-ਸੂਚੀਆਂ

ਕੰਮ ਦੀ ਸਮਾਂ-ਸੂਚੀ ਬਾਰੇ 14 ਦਿਨ (2 ਹਫ਼ਤੇ) ਦੀ ਪੂਰਵ ਸੂਚਨਾ (ਐਡਵਾਂਸ ਨੋਟਿਸ)

ਸ਼ਿਫਟ ਸ਼ੁਰੂ ਹੋਣ ਦੇ 14 ਦਿਨਾਂ ਦੇ ਅੰਦਰ ਇੱਕ ਲਿਖਤ ਸਮਾਂ-ਸੂਚੀ ਵਿੱਚ ਕਿਸੇ ਵੀ ਵਾਧੇ ਲਈ ਵਰਕਰ ਦੀ ਲਿਖਤ ਸਹਿਮਤੀ

14 ਦਿਨਾਂ ਤੋਂ ਘੱਟ ਦੇ ਨੋਟਿਸ ਨਾਲ ਸਾਰੀਆਂ ਸਮਾਂ-ਸੂਚੀ ਤਬਦੀਲੀਆਂ ਲਈ ਪ੍ਰੀਮੀਅਮ ਭੁਗਤਾਨ – ਹੇਠਾਂ ਦਿੱਤੀ ਸਾਰਨੀ ਦੇਖੋ

*clopening** ਸ਼ਿਫਟਾਂ ਵਿੱਚ ਕੰਮ ਕਰਨ ਲਈ ਵਰਕਰ ਦੀ ਲਿਖਤ ਸਹਿਮਤੀ ਅਤੇ $100 ਦਾ ਪ੍ਰੀਮੀਅਮ

ਮਾਲਕ ਵੱਲੋਂ ਨਵੇਂ ਕਰਮਚਾਰੀ ਰੱਖਣ ਤੋਂ ਪਹਿਲਾਂ ਨਵੀਆਂ ਉਪਲਬਧ ਸ਼ਿਫਟਾਂ ਵਿੱਚ ਮੌਜੂਦਾ ਵਰਕਰਾਂ ਨੂੰ ਤਰਜੀਹ

*ਇੱਕ *clopening* ਵਿੱਚ 2 ਦਿਨਾਂ ਤੱਕ 2 ਸ਼ਿਫਟਾਂ ਵਿੱਚ ਕੰਮ ਕਰਨਾ ਸ਼ਾਮਲ ਹੁੰਦਾ ਹੈ, ਜਦੋਂ ਪਹਿਲੀ ਸ਼ਿਫਟ ਸ਼ਾਮ ਨੂੰ ਖ਼ਤਮ ਹੁੰਦੀ ਹੈ ਅਤੇ ਸ਼ਿਫਟਾਂ ਵਿਚਕਾਰ 11 ਘੰਟਿਆਂ ਤੋਂ ਘੱਟ ਸਮਾਂ ਹੁੰਦਾ ਹੈ।

### *Deductions Law*

ਗ਼ੈਰ ਲਾਭ ਸੰਸਥਾ ਤੋਂ ਪ੍ਰਗਟਾਵਾ ਪ੍ਰਾਪਤ ਕਰਨਾ

ਮਾਲਕ ਨੂੰ ਕਿਸੇ ਗ਼ੈਰ ਲਾਭ ਸੰਸਥਾ ਨੂੰ ਭੇਜਣ ਲਈ ਪੇਚੈਕ ਵਿੱਚੋਂ ਸਵੈਇਛੁੱਕ ਭੁਗਤਾਨਾਂ ਦੀ ਕਟੌਤੀ ਦਾ ਅਧਿਕਾਰ ਦੇਣਾ

ਆਟੋਮੈਟਿਕ ਕਟੌਤੀ ਅਤੇ DCA ਵੱਲੋਂ ਗ਼ੈਰ ਲਾਭ ਸੰਸਥਾ ਲਈ ਰਜਿਸਟਰ ਕਰਨ ਤੋਂ ਬਾਅਦ ਗ਼ੈਰ ਲਾਭ ਸੰਸਥਾ ਨੂੰ ਭੁਗਤਾਨ

ਸਵੈਇਛੁੱਕ ਭੁਗਤਾਨਾਂ ਦੀ ਕਟੌਤੀ ਦਾ ਅਧਿਕਾਰ ਰੱਦ ਕਰਨਾ

ਬਿਲਕੁੱਲ ਅਖੀਰ ਵਿੱਚ ਸਮਾਂ-ਸੂਚੀ ਵਿੱਚ ਤਬਦੀਲੀਆਂ ਲਈ ਪ੍ਰੀਮੀਅਰ ਭੁਗਤਾਨ ਦੀਆਂ ਦਰਾਂ:

| ਤਬਦੀਲੀ ਦੇ ਪ੍ਰਭਾਵੀ ਹੋਣ ਤੋਂ ਪਹਿਲਾਂ ਨੋਟਿਸ ਦੀ ਰਕਮ | ਕੰਮ ਦਾ ਵਾਧੂ ਸਮਾਂ ਜਾਂ ਸ਼ਿਫਟਾਂ | ਸ਼ਿਫਟਾਂ ਵਿੱਚ ਤਬਦੀਲੀ ਪਰੰਤੂ ਕੰਮ ਦੇ ਪੂਰੇ ਸਮੇਂ ਵਿੱਚ ਕੋਈ ਤਬਦੀਲੀ ਨਹੀਂ | ਕੰਮ ਦਾ ਘਟਿਆ ਸਮਾਂ ਜਾਂ ਸ਼ਿਫਟਾਂ |
|---|---|---|---|
| 14 ਦਿਨਾਂ ਤੋਂ ਘੱਟ ਦਾ ਨੋਟਿਸ | $10 ਪ੍ਰਤੀ ਤਬਦੀਲੀ | $10 ਪ੍ਰਤੀ ਤਬਦੀਲੀ | $20 ਪ੍ਰਤੀ ਤਬਦੀਲੀ |
| 7 ਦਿਨਾਂ ਤੋਂ ਘੱਟ ਦਾ ਨੋਟਿਸ | $15 ਪ੍ਰਤੀ ਤਬਦੀਲੀ | $15 ਪ੍ਰਤੀ ਤਬਦੀਲੀ | $45 ਪ੍ਰਤੀ ਤਬਦੀਲੀ |
| 24 ਦਿਨਾਂ ਤੋਂ ਘੱਟ ਦਾ ਨੋਟਿਸ | $15 ਪ੍ਰਤੀ ਤਬਦੀਲੀ | $15 ਪ੍ਰਤੀ ਤਬਦੀਲੀ | $75 ਪ੍ਰਤੀ ਤਬਦੀਲੀ |

***ਉਦੋਂ ਪ੍ਰੀਮੀਅਮ ਭੁਗਤਾਨ ਦੀ ਲੋੜ ਨਹੀਂ ਹੁੰਦੀ, ਜਦੋਂ:***

1. ਮਾਲਕ ਇਹਨਾਂ ਕਾਰਨ ਬੰਦ ਕਰ ਦਿੰਦਾ ਹੈ: ਵਰਕਰ ਦੀ ਸੁਰੱਖਿਆ ਨੂੰ ਜਾਂ ਮਾਲਕ ਦੀ ਪ੍ਰਾਪਰਟੀ ਨੂੰ ਖਤਰਾ ਹੋਵੇ; ਜਨਤਕ ਯੂਟੀਲਿਟੀ ਅਸਫਲਤਾ; ਜਨਤਕ ਆਵਾਜਾਹੀ ਦਾ ਬੰਦ ਹੋਣਾ; ਅੱਗ ਲੱਗਣਾ, ਹੜ੍ਹ ਆਉਣਾ ਜਾਂ ਹੋਰ ਕੁਦਰਤੀ ਸੰਕਟ; ਸਰਕਾਰ ਵੱਲੋਂ ਘੋਸ਼ਿਤ ਕੀਤੀ ਐਮਰਜੈਂਸੀ ਦੀ ਸਥਿਤੀ।
2. ਵਰਕਰ ਕਿਸੇ ਖ਼ਾਸ ਸ਼ਿਫਟ ਲਈ ਸਮਾਂ-ਸੂਚੀ ਵਿੱਚ ਤਬਦੀਲੀ ਦੀ ਬੇਨਤੀ ਕਰਦਾ ਹੈ।
3. ਵਰਕਰ ਹੋਰ ਕਰਮਚਾਰੀ ਨਾਲ ਸ਼ਿਫਟਾਂ ਅਦਲਾ-ਬਦਲੀ ਕਰਦਾ ਹੈ।
4. ਮਾਲਕ ਲਈ ਤਬਦੀਲੀ ਵਾਲੀ ਸ਼ਿਫਟ ਲਈ ਓਵਰਟਾਈਮ ਦਾ ਭੁਗਤਾਨ ਕਰਨਾ ਲਾਜ਼ਮੀ ਹੈ।

## ਰਿਕਾਰਡ ਰੱਖਣਾ

ਮਾਲਕਾਂ ਲਈ ਸਮੇਂ ਦੀ ਤੈਅ ਮਿਆਦ ਤੱਕ ਹੇਠਾਂ ਵਰਣਨ ਕੀਤੇ ਇਲੈਕਟ੍ਰੋਨਿਕ ਅਨੁਪਾਲਣ ਰਿਕਾਰਡ ਰੱਖਣਾ ਲਾਜ਼ਮੀ ਹੈ। ਜੇਕਰ ਕੋਈ ਮਾਲਕ ਰਿਕਾਰਡ ਰੱਖਣ ਜਾਂ ਪੇਸ਼ ਕਰਨ ਵਿੱਚ ਅਸਫਲ ਹੁੰਦਾ ਹੈ, ਤਾਂ ਕਰਮਚਾਰੀ ਅਦਾਲਤ ਵਿੱਚ ਆਪਣੀ ਸ਼ਿਕਾਇਤ ਲਿਆਉਣ ਦੇ ਦੌਰਾਨ ਆਪਣੇ ਹੱਕ ਵਿੱਚ "rebuttable presumption" ("ਖੰਡਨ ਦੀ ਸੰਭਾਵਨਾ") ਪ੍ਰਾਪਤ ਕਰਦੇ ਹਨ। ਇਸਦਾ ਮਤਲਬ ਹੈ ਕਿ ਮਾਲਕਾਂ 'ਤੇ ਇਹ ਸਾਬਤ ਕਰਨ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹਨਾਂ ਨੇ ਕਨੂੰਨ ਦੀ ਉਲੰਘਣਾ ਨਹੀਂ ਕੀਤੀ।

### *Fair Workweek Law*

ਮਾਲਕ ਲਈ ਇਹਨਾਂ ਦੇ ਰਿਕਾਰਡ ਰੱਖਣਾ ਲਾਜ਼ਮੀ ਹੈ:

- ਵਰਕਰ **ਘੰਟੇ ਹਰੇਕ ਹਫ਼ਤੇ**
- ਹਰੇਕ ਵਰਕਰ ਦੀਆਂ **ਕੰਮ ਕੀਤੀਆਂ ਸ਼ਿਫਟਾਂ**, ਤਾਰੀਖ, ਸਮਾਂ ਅਤੇ ਸਥਾਨ ਸਮੇਤ
- ਵਰਕਰਾਂ ਨੂੰ ਦਿੱਤੇ ਜਾਣ ਵਾਲੇ ਕੰਮ ਦੇ ਘੰਟਿਆਂ ਦੇ**ਨੇਕਨੀਤੀ ਦੇ ਅਨੁਮਾਨ**
- ਲੋੜ ਪੈਣ 'ਤੇ *clopenings* ਵਿੱਚ ਕੰਮ ਕਰਨ ਅਤੇ ਸਮਾਂ-ਸੂਚੀ ਵਿੱਚ ਤਬਦੀਲੀਆਂ ਲਈ ਵਰਕਰਾਂ ਦੀ **ਲਿਖਤ ਸਹਿਮਤੀ**
- **ਹਰੇਕ ਲਿਖਤ ਸਮਾਂ-ਸੂਚੀ**, ਵਰਕਰਾਂ ਨੂੰ ਮੁਹੱਈਆ ਕੀਤੀ
- ਕਾਮਿਆਂ ਨੂੰ **ਸਾਰੇ ਪ੍ਰੀਮੀਅਮ ਭੁਗਤਾਨ**, ਤਾਰੀਖਾਂ ਅਤੇ ਰਕਮਾਂ ਸਮੇਤ

*ਤਿੰਨ (3) ਸਾਲਾਂ ਤੱਕ ਰਿਕਾਰਡ ਰੱਖਣਾ।*

### *Deductions Law*

ਮਾਲਕ ਲਈ ਇਹਨਾਂ ਦੇ ਰਿਕਾਰਡ ਰੱਖਣਾ ਲਾਜ਼ਮੀ ਹੈ:

- ਗ਼ੈਰ ਲਾਭ ਸੰਸਥਾਵਾਂ ਲਈ ਸਾਰੇ ਅਧਿਕਾਰ, ਖੰਡਨ, ਕਟੌਤੀਆਂ ਅਤੇ ਯੋਗਦਾਨ
- ਹੱਕਾਂ ਦੇ ਲੋੜੀਂਦੇ ਨੋਟਿਸ ਦੀ ਵੰਡ ਦਾ ਸਬੂਤ

*ਦੋ (2) ਸਾਲਾਂ ਤੱਕ ਰਿਕਾਰਡ ਰੱਖਣਾ।*

ਖ਼ਤਮ >

## ਸ਼ਿਕਾਇਤਾਂ

**OLPS ਕੋਲ ਸ਼ਿਕਾਇਤ ਫਾਈਲ ਕਰਨਾ। nyc.gov/dca** 'ਤੇ ਜਾਓ ਜਾਂ **311** (NYC ਦੇ ਬਾਹਰ 212-NEW-YORK) 'ਤੇ ਸੰਪਰਕ ਕਰੋ ਅਤੇ "Fair Workweek Law" ("ਨਿਰਪੱਖ ਕੰਮ ਦਾ ਹਫ਼ਤਾ ਕਨੂੰਨ") ਜਾਂ "Deductions Law" ("ਕਟੌਤੀਆਂ ਸਬੰਧੀ ਕਨੂੰਨ") ਦੀ ਮੰਗ ਕਰੋ। OLPS ਜਾਂਚ ਕਰੇਗਾ ਅਤੇ ਸ਼ਿਕਾਇਤ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਕਰੇਗਾ। **OLPS ਸ਼ਿਕਾਇਤਕਰਤਾ ਦੀ ਪਛਾਣ ਗੁਪਤ ਰੱਖੇਗਾ, ਜਦੋਂ ਤੱਕ ਕਿ ਇਸਦਾ ਪ੍ਰਗਟਾਵਾ ਜਾਂਚ ਪੂਰੀ ਕਰਨ ਲਈ ਜ਼ਰੂਰੀ ਨਾ ਹੋਵੇ ਜਾਂ ਕਨੂੰਨ ਵੱਲੋਂ ਲੋੜੀਂਦਾ ਨਾ ਹੋਵੇ।**

**ਅਦਾਲਤ ਵਿੱਚ ਕਾਰਵਾਈ ਫਾਈਲ ਕਰਨਾ।** ਹਾਲਾਂਕਿ, ਕਰਮਚਾਰੀ ਇੱਕੋ ਸਮੇਂ OLPS ਨੂੰ ਸ਼ਿਕਾਇਤ ਅਤੇ ਅਦਾਲਤ ਵਿੱਚ ਦਾਅਵਾ ਨਹੀਂ ਕਰ ਸਕਦੇ।

## OLPS ਨੂੰ ਸੰਪਰਕ ਕਰਨਾ

**nyc.gov/dca** 'ਤੇ ਜਾਓ, **FWW@dca.nyc.gov** 'ਤੇ ਈਮੇਲ ਕਰੋ ਜਾਂ **311** 'ਤੇ ਸੰਪਰਕ ਕਰੋ ਅਤੇ "Fair Workweek Law" ਜਾਂ "Deductions Law" ਦੀ ਮੰਗ ਕਰੋ।


**Consumer Affairs**

Bill de Blasio
Mayor

Lorelei Salas
Commissioner

*The NYC Department of Consumer Affairs (DCA)* ਸੰਪੰਨ ਭਾਈਚਾਰੇ ਦੀ ਸਿਰਜਨਾ ਲਈ ਨਿਊ ਯਾਰਕ ਦੇ ਲੋਕਾਂ ਦੇ ਰੋਜ਼ਾਨਾ ਦੇ ਆਰਥਕ ਜੀਵਨ ਦੀ ਰੱਖਿਆ ਅਤੇ ਸੁਧਾਰ ਕਰਦਾ ਹੈ।